BRAMPTON Flower City brampton.ca

media release

26 ਨਵੰਬਰ, 2018

# ਸਾਰੇ ਨੌਜਵਾਨ ਲੀਡਰਾਂ, ਐਕਟੀਵਿਸਟਾਂ ਅਤੇ ਵਿਜਨਰੀਆਂ ਨੂੰ ਸੱਦਾ

***ਸਿਟੀ ਆਪਣੀ ਪਹਿਲੀ ਬ੍ਰੈਂਪਟਨ 2040 ਵਿਜਨ ਯੂਥ ਸਿੰਪੋਜੀਅਮ ਆਯੋਜਿਤ ਕਰ ਰਹੀ ਹੈ***

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ 2040 ਵਿਜਨ (Brampton 2040 Vision) ਬਾਰੇ ਜਾਰੀ ਗੱਲਬਾਤ ਦੇ ਹਿੱਸੇ ਵਜੋਂ, ਸਿਟੀ ਆਫ ਬ੍ਰੈਂਪਟਨ, (City of Brampton) ਬ੍ਰੈਂਪਟਨ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਆਪਣੇ ਪਹਿਲੇ ਵਿਜਨ ਯੂਥ ਸਿੰਪੋਜੀਅਮ (Vision Youth Symposium) ਦਾ ਹਿੱਸਾ ਬਣਨ ਲਈ ਸੱਦਾ ਦੇ ਰਹੀ ਹੈ। ਇਹ ਕਾਰਜਕਰਮ ਸ਼ਨੀਵਾਰ, 1 ਦਸੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ, ਬ੍ਰੈਂਪਟਨ ਸਿਟੀ ਹਾਲ (Brampton City Hall) ਵਿਖੇ ਹੋ ਰਿਹਾ ਹੈ, ਜਿਸਦੇ ਬਾਅਦ ਸ਼ਾਮ 5 ਵਜੇ ਤੋਂ ਰਾਤ 8 ਵਜੇ ਤੱਕ ਇੱਕ ਸਮਾਜਿਕ ਕਾਰਜਕਰਮ ਹੋਵੇਗਾ।

ਇਹ ਕਾਰਜਕਰਮ ਬ੍ਰੈਂਪਟਨ ਦੇ ਨੌਜਵਾਨਾਂ ਨੂੰ ਇਸ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦੇਵੇਗਾ ਕਿ ਵਿਜਨ ਨੂੰ ਕਿਰਿਆਸ਼ੀਲ ਕਿਵੇਂ ਬਣਾਇਆ ਜਾਵੇ। ਭਾਗੀਦਾਰ ਆਪਣੀ ਰੁਚੀ ਦਾ ਇੱਕ ਖੇਤਰ ਚੁਣਨਗੇ – ਵਾਤਾਵਰਨ, ਟ੍ਰਾਂਸਪੋਰਟੇਸ਼ਨ (ਆਵਾਜਾਈ), ਨੌਕਰੀਆਂ, ਮਨਪਰਚਾਵਾ (ਰੇਕ੍ਰੀਏਸ਼ਨ), ਸਿਹਤ, ਸਮਾਜਿਕ ਮੁੱਦੇ, ਜਾਂ ਕਲਾ ਅਤੇ ਸੱਭਿਆਚਾਰ – ਅਤੇ ਭਵਿੱਖ ਲਈ ਇੱਕ ਕਿਰਿਆ ਯੋਜਨਾ ਵਿਕਸਿਤ ਕਰਨਾ ਸ਼ੁਰੂ ਕਰਨ ਲਈ ਇਕੱਠੇ ਕੰਮ ਕਰਨਗੇ।

ਇਸ ਦਿਨ ਮੁਫ਼ਤ ਬ੍ਰੇਕਫਾਸਟ ਅਤੇ ਲੰਚ, ਵਰਕਸ਼ਾਪ ਸੈਸ਼ਨ, ਪ੍ਰਦਰਸ਼ਨ, ਪੇਸ਼ਕਾਰੀਆਂ ਆਦਿ ਸ਼ਾਮਲ ਹੋਣਗੇ। ਰਜਿਸਟਰ ਕਰਨ ਲਈ, ਕਿਰਪਾ ਕਰਕੇ bramptonyouthsymposium.eventbrite.com ਤੇ ਜਾਓ। ਇਹ ਬਿਹਤਰ ਹੋਵੇਗਾ ਕਿ ਭਾਗੀਦਾਰ ਆਪਣਾ ਖੁਦ ਦਾ ਲੈਪਟੌਪ ਨਾਲ ਲੈ ਕੇ ਆਉਣ, ਪਰੰਤੂ ਸਿਟੀ ਵੀ ਇਹ ਯਕੀਨੀ ਬਣਾਉਣ ਲਈ ਕਿ ਵੱਧ ਤੋਂ ਵੱਧ ਭਾਗੀਦਾਰ ਇਸ ਕਾਰਜਕਰਮ ਵਿੱਚ ਹਿੱਸਾ ਲੈਣ, ਇਸ ਦਿਨ ਲਈ ਲੈਪਟੌਪ ਦੇਵੇਗੀ।

ਬ੍ਰੈਂਪਟਨ 2040 ਵਿਜਨ, ਜਿਸਦਾ ਸਮਰਥਨ ਸਰਬ ਸੰਮਤੀ ਨਾਲ, ਮਈ 2018 ਵਿੱਚ ਸਿਟੀ ਕਾਉਂਸਿਲ ਵੱਲੋਂ ਕੀਤਾ ਗਿਆ ਸੀ, ਇਸ ਬਾਰੇ ਉੱਚ ਤਾਂਘ ਵਾਲਾ ਦ੍ਰਿਸ਼ਟੀਕੋਣ ਹੈ ਕਿ ਬ੍ਰੈਂਪਟਨ ਅਗਲੇ ਪੱਚੀ ਸਾਲਾਂ ਵਿੱਚ ਕੀ ਬਣੇਗਾ। ਇਹ ਸੱਤ ਮੁੱਖ ਦ੍ਰਿਸ਼ਟੀਕੋਣ ਵਿਸ਼ਿਆਂ ਤੇ ਅਤੇ ਉਹਨਾਂ ਨੂੰ ਪੂਰਾ ਕਰਨ ਵਾਲੇ 28 ਖਾਸ ਕੰਮਾਂ ਤੇ ਕੇਂਦਰਿਤ ਹੈ। 2040 ਵਿਜਨ ਬਾਰੇ ਹੋਰ ਜਾਣਨ ਲਈ, brampton.ca/2040vision ਤੇ ਜਾਓ।

**ਹਵਾਲੇ**

"ਭਾਵੇਂ ਉਹ ਐਕਟੀਵਿਸਟ, ਕਲਾਕਾਰ, ਐਥਲੀਟ ਜਾਂ ਉੱਦਮੀ ਹੋਣ, ਸਾਡੇ ਨੌਜਵਾਨਾਂ ਕੋਲ ਵਧੀਆ ਯੋਜਨਾਵਾਂ ਹਨ ਅਤੇ ਮਹੱਤਵਪੂਰਨ ਰਾਏ ਹੈ। ਇਹ ਗੋਸ਼ਟੀ (ਸਿੰਪੋਜੀਅਮ) ਉਹਨਾਂ ਲਈ ਬਹਿਸ ਕਰਨ, ਸਲਾਹ-ਮਸ਼ਵਰਾ ਕਰਨ ਅਤੇ ਇਹ ਨਿਰਧਾਰਤ ਕਰਨ ਵਿੱਚ ਮਦਦ ਕਰਨ ਦਾ ਬਹੁਤ ਵਧੀਆ ਮੌਕਾ ਹੈ ਕਿ ਉਹ 2040 ਤੱਕ ਆਪਣੇ ਸ਼ਹਿਰ ਨੂੰ ਕਿਹੋ ਜਿਹਾ ਦੇਖਣਾ ਚਾਹੁੰਦੇ ਹਨ।"

- *ਮੇਅਰ ਲਿੰਡਾ ਜੈਫਰੀ (Linda Jeffrey)*

"ਬ੍ਰੈਂਪਟਨ 2040 ਵਿਜਨ ਸਿਟੀ ਅਤੇ ਭਾਈਚਾਰੇ ਨੂੰ ਵੱਡੀਆਂ ਯੋਜਨਾਵਾਂ ਬਾਰੇ ਗੱਲ ਕਰਨ, ਉਹਨਾਂ ਨੂੰ ਪਰਖਣ, ਅਤੇ ਸਾਡੀਆਂ ਖੁਦ ਦੀਆਂ ਯੋਜਨਾਵਾਂ ਬਣਾਉਣ ਦੀ ਚੁਣੌਤੀ ਦਿੰਦਾ ਹੈ। ਕੈਨੇਡਾ ਦੇ ਸਭ ਤੋਂ ਘੱਟ ਉਮਰ ਦੇ ਲੋਕਾਂ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਸਾਡੇ ਨੌਜਵਾਨ ਉਹਨਾਂ ਗੱਲਬਾਤਾਂ ਦਾ ਇੱਕ ਮਹੱਤਵਪੂਰਨ ਹਿੱਸਾ ਹਨ।"

- *ਐਂਟੋਨਿਏਟਾ ਮਿਨਿਚਿਲੋ (Antonietta Minichillo), ਮੈਨੇਜਰ, ਕਮਿਊਨਿਟੀ ਇਨੋਵੇਸ਼ਨ ਐਂਡ ਰੈਜ਼ੀਲਿਐਂਸੀ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਕ੍ਰਿਸਟੀਨ ਸ਼ਰਮਾ (Christine Sharma)
ਮੀਡੀਆ ਰਿਲੇਸ਼ਨਸ, ਸਿਟੀ ਆਫ ਬ੍ਰੈਂਪਟਨ
905.874.2880 | christine.sharma@brampton.ca